# Jonah
## ਯੂਨਾਹ

ਭੂਮਿਕਾ

ਯੂਨਾਹ ਦੀ ਪੁਸਤਕ ਬਾਈਬਲ ਦੀਆਂ ਹੋਰਨਾਂ ਭਵਿੱਖਬਾਣੀਆਂ ਦੀਆਂ ਪੁਸਤਕਾਂ ਤੋਂ ਅਲੱਗ ਹੈ । ਇਹ ਇੱਕ ਵਿਆਖਿਆਤਮਕ ਪੁਸਤਕ ਹੈ, ਜਿਸ ਵਿੱਚ ਇੱਕ ਨਬੀ ਦੇ ਜੋਖਮ ਭਰੇ ਕੰਮਾਂ ਦਾ ਵਰਣਨ ਹੈ, ਜਿਸ ਨੇ ਪਰਮੇਸ਼ੁਰ ਦੀ ਆਗਿਆ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ । ਪਰਮੇਸ਼ੁਰ ਨੇ ਉਸ ਨੂੰ ਨੀਨਵਾਹ ਨਗਰ ਨੂੰ ਜਾਣ ਲਈ ਆਖਿਆ ਸੀ, ਜੋ ਇਸਰਾਏਲ ਦੇ ਸਭ ਤੋਂ ਖ਼ਤਰਨਾਕ ਦੁਸ਼ਮਣ, ਵਿਸ਼ਾਲ ਅੱਸ਼ੂਰੀ ਸਾਮਰਾਜ ਦੀ ਰਾਜਧਾਨੀ ਸੀ । ਪਰ ਯੂਨਾਹ ਪਰਮੇਸ਼ੁਰ ਦੇ ਸੰਦੇਸ਼ ਦੇ ਨਾਲ ਉੱਥੇ ਨਹੀਂ ਜਾਣਾ ਚਾਹੁੰਦਾ ਸੀ, ਕਿਉਂਕਿ ਉਸ ਨੂੰ ਪੂਰਾ ਯਕੀਨ ਸੀ ਕਿ ਪਰਮੇਸ਼ੁਰ ਉਸ ਨਗਰ ਨੂੰ ਨਾਸ ਕਰਨ ਦੀ ਆਪਣੀ ਚੇਤਾਵਨੀ ਨੂੰ ਪੂਰਾ ਨਹੀਂ ਕਰੇਗਾ । ਕਈ ਨਾਟਕੀ ਘਟਨਾਵਾਂ ਤੋਂ ਬਾਅਦ, ਬਿਨ੍ਹਾਂ ਇੱਛਾ ਦੇ ਉਸ ਦੇ ਪਰਮੇਸ਼ੁਰ ਦੀ ਆਗਿਆ ਮੰਨ ਲਈ, ਅਤੇ ਅੰਤ ਵਿੱਚ ਉਹ ਪਰਮੇਸ਼ੁਰ ਤੋਂ ਨਰਾਜ਼ ਹੋ ਗਿਆ ਜਦ ਨਾਸ ਹੋਣ ਦਾ ਉਸ ਦਾ ਸੰਦੇਸ਼ ਪੂਰਾ ਨਹੀਂ ਹੋਇਆ ।

ਇਹ ਪੁਸਤਕ ਸਾਰੀ ਸ੍ਰਿਸ਼ਟੀ ਉੱਤੇ ਪਰਮੇਸ਼ੁਰ ਦੇ ਸੰਪੂਰਨ ਅਧਿਕਾਰ ਨੂੰ ਪ੍ਰਗਟ ਕਰਦੀ ਹੈ । ਪਰ ਸਭ ਤੋਂ ਮੁੱਖ ਗੱਲ ਇਹ ਹੈ ਕਿ ਇਸ ਵਿੱਚ ਪਰਮੇਸ਼ੁਰ ਨੂੰ 'ਪ੍ਰੇਮ ਅਤੇ ਦਯਾ ਦੇ ਪਰਮੇਸ਼ੁਰ' ਦੇ ਰੂਪ ਵਿੱਚ ਦਰਸਾਇਆ ਗਿਆ ਹੈ, ਇੱਥੋਂ ਤੱਕ ਕਿ ਉਹ ਆਪਣੀ ਪਰਜਾ ਦੇ ਦੁਸ਼ਮਣਾਂ ਨੂੰ ਸਜ਼ਾ ਦੇਣ ਅਤੇ ਨਾਸ ਕਰਨ ਦੇ ਬਦਲੇ ਉਨ੍ਹਾਂ ਨੂੰ ਮਾਫ਼ ਕਰਨਾ ਅਤੇ ਉਨ੍ਹਾਂ ਦਾ ਛੁਟਕਾਰਾ ਕਰਨਾ ਚਾਹੁੰਦਾ ਹੈ ।
ਰੂਪ-ਰੇਖਾ

ਯੂਨਾਹ ਦੀ ਬੁਲਾਹਟ ਅਤੇ ਉਸ ਦੀ ਅਣ-ਆਗਿਆਕਾਰੀ 1:1-17
ਯੂਨਾਹ ਦਾ ਪਛਤਾਵਾ ਕਰਨਾ ਅਤੇ ਉਸ ਦਾ ਛੁਟਕਾਰਾ 2:1-10
ਨੀਨਵਾਹ ਦੇ ਵਿਰੁੱਧ ਯੂਨਾਹ ਦਾ ਸੰਦੇਸ਼ 3:1-10
ਨੀਨਵਾਹ ਉੱਤੇ ਪਰਮੇਸ਼ੁਰ ਦੀ ਦਯਾ 4:1-11

### ਪਰਮੇਸ਼ੁਰ ਦੀ ਆਗਿਆ ਦਾ ਉਲੰਘਣ ਕਰਨਾ

੧ ਯਹੋਵਾਹ ਦਾ ਬਚਨ ਅਮਿੱਤਈ ਦੇ ਪੁੱਤਰ ਯੂਨਾਹ ਨੂੰ ਆਇਆ, ੨ “ਉੱਠ !
ਉਸ ਵੱਡੇ ਸ਼ਹਿਰ ਨੀਨਵਾਹ ਨੂੰ ਜਾ ਅਤੇ ਉਸ ਦੇ ਵਿਰੁੱਧ ਪੁਕਾਰ ਕਿਉਂਕਿ ਉਹਨਾਂ

ਦੀ ਬੁਰਿਆਈ ਮੇਰੇ ਸਨਮੁਖ ਬਹੁਤ ਵੱਧ ਗਈ ਹੈ ।” ੩ ਪਰ ਯੂਨਾਹ ਯਹੋਵਾਹ
ਦੇ ਹਜ਼ੂਰੋਂ ਤਰਸ਼ੀਸ਼ ਨੂੰ ਭੱਜਣ ਲਈ ਉੱਠਿਆ ਅਤੇ ਉਹ ਯਾਫ਼ਾ ਵੱਲ ਚਲਾ ਗਿਆ,
ਉੱਥੇ ਉਸ ਨੂੰ ਇੱਕ ਜਹਾਜ਼ ਮਿਲਿਆ ਜੋ ਤਰਸ਼ੀਸ਼ ਨੂੰ ਜਾਣ ਵਾਲਾ ਸੀ । ਤਦ
ਯੂਨਾਹ ਉਸ ਦਾ ਭਾੜਾ ਦੇ ਕੇ ਜਹਾਜ਼ ਉੱਤੇ ਚੜ੍ਹ ਗਿਆ ਤਾਂ ਜੋ ਯਹੋਵਾਹ ਦੇ
ਹਜ਼ੂਰੋਂ ਉਨ੍ਹਾਂ ਦੇ ਨਾਲ ਤਰਸ਼ੀਸ਼ ਨੂੰ ਭੱਜ ਜਾਵੇ ।

੪ ਪਰ ਯਹੋਵਾਹ ਨੇ ਸਮੁੰਦਰ ਉੱਤੇ ਇੱਕ ਪਰਚੰਡ ਹਨੇਰੀ ਵਗਾਈ ਅਤੇ ਸਮੁੰਦਰ
ਵਿੱਚ ਵੱਡਾ ਤੂਫ਼ਾਨ ਆ ਗਿਆ, ਅਜਿਹਾ ਕਿ ਜਹਾਜ਼ ਟੁੱਟਣ ਵਾਲਾ ਸੀ । ੫ ਤਦ
ਮਲਾਹ ਡਰ ਗਏ ਅਤੇ ਹਰੇਕ ਆਪੋ ਆਪਣੇ ਦੇਵਤੇ ਦੇ ਅੱਗੇ ਦੁਹਾਈ ਦੇਣ ਲੱਗਾ ।
ਉਨ੍ਹਾਂ ਨੇ ਵਪਾਰ ਦੇ ਸਮਾਨ ਨੂੰ ਜੋ ਜਹਾਜ਼ ਵਿੱਚ ਸੀ, ਸਮੁੰਦਰ ਵਿੱਚ ਸੁੱਟ ਦਿੱਤਾ
ਤਾਂ ਜੋ ਜਹਾਜ਼ ਨੂੰ ਹਲਕਾ ਕਰ ਦੇਣ । ਪਰ ਯੂਨਾਹ ਜਹਾਜ਼ ਦੇ ਹੇਠਲੇ ਹਿੱਸੇ ਵਿੱਚ
ਜਾ ਕੇ ਸੌਂ ਗਿਆ ਅਤੇ ਗੂੜ੍ਹੀ ਨੀਂਦ ਵਿੱਚ ਸੁੱਤਾ ਪਿਆ ਸੀ । ੬ ਤਦ ਕਪਤਾਨ
ਯੂਨਾਹ ਦੇ ਕੋਲ ਗਿਆ ਅਤੇ ਉਸ ਨੂੰ ਕਿਹਾ, “ਤੂੰ ਕਿਸ ਤਰ੍ਹਾਂ ਗੂੜ੍ਹੀ ਨੀਂਦ ਵਿੱਚ
ਸੌਂ ਸੱਕਦਾ ਹੈਂ ? ਉੱਠ ! ਆਪਣੇ ਦੇਵਤੇ ਨੂੰ ਪੁਕਾਰ ! ਸ਼ਾਇਦ ਤੇਰਾ ਦੇਵਤਾ ਸਾਨੂੰ
ਯਾਦ ਕਰੇ ਅਤੇ ਅਸੀਂ ਨਾਸ਼ ਨਾ ਹੋਈਏ !”

੭ ਤਦ ਉਹ ਇੱਕ ਦੂਜੇ ਨੂੰ ਕਹਿਣ ਲੱਗੇ, “ਆਓ, ਅਸੀਂ ਪਰਚੀਆਂ ਪਾ ਕੇ ਪਤਾ
ਕਰੀਏ ਕਿ ਇਹ ਬਿਪਤਾ ਕਿਸ ਦੇ ਕਾਰਨ ਸਾਡੇ ਉੱਤੇ ਆਣ ਪਈ ਹੈ ।” ਤਦ
ਉਨ੍ਹਾਂ ਨੇ ਪਰਚੀਆਂ ਪਾਈਆਂ ਅਤੇ ਪਰਚੀ ਯੂਨਾਹ ਦੇ ਨਾਮ ਦੀ ਨਿੱਕਲੀ ।
੮ ਤਦ ਉਨ੍ਹਾਂ ਨੇ ਉਸ ਨੂੰ ਕਿਹਾ, “ਤੂੰ ਸਾਨੂੰ ਦੱਸ ਕਿ ਇਹ ਬਿਪਤਾ ਕਿਸ ਦੇ ਕਾਰਨ
ਸਾਡੇ ਉੱਤੇ ਆਣ ਪਈ ਹੈ ? ਤੂੰ ਕੀ ਕੰਮ ਕਰਦਾ ਹੈਂ ਅਤੇ ਤੂੰ ਕਿੱਥੋਂ ਆਇਆ ਹੈਂ ?
ਤੂੰ ਕਿਹੜੇ ਦੇਸ਼ ਦਾ ਹੈਂ ਅਤੇ ਤੂੰ ਕਿਹੜਿਆਂ ਲੋਕਾਂ ਵਿੱਚੋਂ ਹੈਂ ? “ ੯ ਯੂਨਾਹ ਨੇ ਉਨ੍ਹਾਂ
ਨੂੰ ਕਿਹਾ, “ਮੈਂ ਇਬਰਾਨੀ ਹਾਂ ਅਤੇ ਅਕਾਸ਼ ਦੇ ਪਰਮੇਸ਼ੁਰ ਯਹੋਵਾਹ, ਜਿਸ ਨੇ
ਸਮੁੰਦਰ ਅਤੇ ਧਰਤੀ ਦੋਹਾਂ ਨੂੰ ਬਣਾਇਆ ਹੈ, ਉਸੇ ਤੋਂ ਡਰਦਾ ਹਾਂ ।” ੧੦ ਤਦ ਉਹ
ਮਨੁੱਖ ਬਹੁਤ ਹੀ ਡਰ ਗਏ ਅਤੇ ਕਹਿਣ ਲੱਗੇ, “ਤੂੰ ਇਹ ਕੀ ਕੀਤਾ ? “ ਉਹ ਮਨੁੱਖ
ਜਾਣ ਗਏ ਸਨ ਕਿ ਯੂਨਾਹ ਯਹੋਵਾਹ ਦੇ ਹਜ਼ੂਰੋਂ ਭੱਜ ਰਿਹਾ ਸੀ, ਕਿਉਂਕਿ ਉਸ ਨੇ
ਆਪ ਹੀ ਇਹ ਗੱਲ ਉਨ੍ਹਾਂ ਨੂੰ ਦੱਸ ਦਿੱਤੀ ਸੀ ।

੧੧ ਤਦ ਉਨ੍ਹਾਂ ਨੇ ਕਿਹਾ, “ਅਸੀਂ ਤੇਰੇ ਨਾਲ ਕੀ ਕਰੀਏ ਤਾਂ ਜੋ ਸਮੁੰਦਰ
ਸਾਡੇ ਲਈ ਸ਼ਾਂਤ ਹੋ ਜਾਵੇ ? “ ਕਿਉਂ ਜੋ ਸਮੁੰਦਰ ਦੀਆਂ ਲਹਿਰਾਂ ਵੱਧਦੀਆਂ
ਹੀ ਜਾਂਦੀਆਂ ਸਨ । ੧੨ ਤਦ ਉਸ ਨੇ ਉਨ੍ਹਾਂ ਨੂੰ ਕਿਹਾ, “ਤੁਸੀਂ ਮੈਨੂੰ ਚੁੱਕ ਕੇ
ਸਮੁੰਦਰ ਵਿੱਚ ਸੁੱਟ ਦਿਉ, ਫੇਰ ਸਮੁੰਦਰ ਤੁਹਾਡੇ ਲਈ ਸ਼ਾਂਤ ਹੋ ਜਾਵੇਗਾ ਕਿਉਂਕਿ
ਮੈਂ ਜਾਣਦਾ ਹਾਂ ਕਿ ਮੇਰੇ ਹੀ ਕਾਰਨ ਇਹ ਵੱਡਾ ਤੂਫ਼ਾਨ ਤੁਹਾਡੇ ਉੱਤੇ ਆਇਆ ਹੈ
।” ੧੩ ਫੇਰ ਵੀ ਉਹ ਵੱਡੇ ਜ਼ੋਰ ਨਾਲ ਚੱਪੇ ਲਾਉਂਦੇ ਰਹੇ ਤਾਂ ਜੋ ਜਹਾਜ਼ ਕੰਢੇ ਲੱਗ

ਜਾਵੇ ਪਰ ਉਹ ਲਾ ਨਾ ਸਕੇ, ਕਿਉਂ ਜੋ ਸਮੁੰਦਰ ਦੀਆਂ ਲਹਿਰਾਂ ਉਨ੍ਹਾਂ ਦੇ ਵਿਰੁੱਧ
ਵੱਧਦੀਆਂ ਜਾਂਦੀਆਂ ਸਨ । ੧੪ ਤਦ ਉਨ੍ਹਾਂ ਨੇ ਯਹੋਵਾਹ ਨੂੰ ਪੁਕਾਰਿਆ ਅਤੇ
ਕਿਹਾ, ਹੇ ਯਹੋਵਾਹ, ਅਸੀਂ ਤੇਰੇ ਅੱਗੇ ਮਿੰਨਤ ਕਰਦੇ ਹਾਂ ਕਿ ਅਸੀਂ ਇਸ ਮਨੁੱਖ
ਦੀ ਜਾਨ ਦੇ ਕਾਰਨ ਨਾਸ਼ ਨਾ ਹੋਈਏ ਅਤੇ ਤੂੰ ਬੇਦੋਸ਼ ਦਾ ਖੂਨ ਸਾਡੇ ਉੱਤੇ ਨਾ
ਪਾ ਕਿਉਂਕਿ ਹੇ ਯਹੋਵਾਹ, ਜੋ ਕੁਝ ਤੂੰ ਚਾਹਿਆ, ਤੂੰ ਉਹੋ ਕੀਤਾ ਹੈ ! ੧੫ ਫਿਰ ਉਨ੍ਹਾਂ
ਨੇ ਯੂਨਾਹ ਨੂੰ ਚੁੱਕ ਕੇ ਸਮੁੰਦਰ ਵਿੱਚ ਸੁੱਟ ਦਿੱਤਾ ਅਤੇ ਸਮੁੰਦਰ ਦਾ ਜ਼ੋਰ ਬੰਦ
ਹੋ ਗਿਆ । ੧੬ ਤਦ ਉਨ੍ਹਾਂ ਮਨੁੱਖਾਂ ਨੇ ਯਹੋਵਾਹ ਦਾ ਬਹੁਤ ਭੈ ਮੰਨਿਆ ਅਤੇ
ਉਨ੍ਹਾਂ ਨੇ ਯਹੋਵਾਹ ਦੇ ਅੱਗੇ ਇੱਕ ਬਲੀ ਚੜ੍ਹਾਈ ਅਤੇ ਸੁੱਖਣਾ ਸੁੱਖੀਆਂ ।
੧੭ ਪਰ ਯਹੋਵਾਹ ਨੇ ਇੱਕ ਵੱਡੀ ਮੱਛੀ ਠਹਿਰਾਈ ਸੀ, ਜੋ ਯੂਨਾਹ ਨੂੰ ਨਿਗਲ
ਜਾਵੇ, ਅਤੇ ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਉਸ ਮੱਛੀ ਦੇ ਢਿੱਡ ਵਿੱਚ ਰਿਹਾ
।

## ੨

ਯੂਨਾਹ ਦੀ ਪ੍ਰਾਰਥਨਾ

੧ ਤਦ ਯੂਨਾਹ ਨੇ ਮੱਛੀ ਦੇ ਢਿੱਡ ਵਿੱਚੋਂ ਯਹੋਵਾਹ ਆਪਣੇ ਪਰਮੇਸ਼ੁਰ ਕੋਲ ਇਸ
ਤਰ੍ਹਾਂ ਪ੍ਰਾਰਥਨਾ ਕੀਤੀ, -

੨ "ਮੈਂ ਆਪਣੇ ਔਖੇ ਸਮੇਂ ਵਿੱਚ ਯਹੋਵਾਹ ਨੂੰ ਪੁਕਾਰਿਆ
ਅਤੇ ਉਸ ਨੇ ਮੈਨੂੰ ਉੱਤਰ ਦਿੱਤਾ,
ਮੈਂ ਪਤਾਲ ਦੇ ਢਿੱਡ ਵਿੱਚੋਂ ਦੁਹਾਈ ਦਿੱਤੀ,
ਤੂੰ ਮੇਰੀ ਅਵਾਜ਼ ਸੁਣੀ ।
੩ ਤੂੰ ਮੈਨੂੰ ਡੂੰਘਿਆਈ ਵਿੱਚ, ਸਮੁੰਦਰ ਦੀ ਤਹਿ ਵਿੱਚ ਸੁੱਟ ਦਿੱਤਾ,
ਅਤੇ ਹੜ੍ਹਾਂ ਨੇ ਮੈਨੂੰ ਘੇਰ ਲਿਆ,
ਤੇਰੀਆਂ ਸਾਰੀਆਂ ਲਹਿਰਾਂ ਅਤੇ ਤਰੰਗਾਂ ਮੇਰੇ ਉੱਤੋਂ ਲੰਘ ਗਈਆਂ ।
੪ ਤਦ ਮੈਂ ਕਿਹਾ, ਮੈਂ ਤੇਰੀਆਂ ਅੱਖਾਂ ਤੋਂ ਦੂਰ ਸੁੱਟਿਆ ਗਿਆ ਹਾਂ,
ਤਾਂ ਵੀ ਮੈਂ ਫੇਰ ਤੇਰੇ ਪਵਿੱਤਰ ਮੰਦਰ ਵੱਲ ਤੱਕਾਂਗਾ ।
੫ ਪਾਣੀਆਂ ਨੇ ਮੈਨੂੰ ਜਾਨ ਤੱਕ ਘੁੱਟ ਲਿਆ,
ਡੂੰਘਿਆਈ ਨੇ ਚੁਫੇਰਿਓਂ ਮੈਨੂੰ ਘੇਰ ਲਿਆ,
ਸਾਗਰੀ ਜਾਲਾ ਮੇਰੇ ਸਿਰ ਉੱਤੇ ਲਪੇਟਿਆ ਗਿਆ !
੬ ਮੈਂ ਪਹਾੜਾਂ ਦੇ ਮੁੱਢਾਂ ਤੱਕ ਡੁੱਬ ਗਿਆ,
ਧਰਤੀ ਦੀਆਂ ਪਰਤਾਂ ਨੇ ਸਦਾ ਦੇ ਲਈ ਮੈਨੂੰ ਢੱਕ ਲਿਆ,

ਪਰ ਹੇ ਯਹੋਵਾਹ ! ਮੇਰੇ ਪਰਮੇਸ਼ੁਰ ਤੂੰ ਮੇਰੀ ਜਾਨ ਨੂੰ ਟੋਏ ਵਿੱਚੋਂ ਉੱਪਰ
ਲਿਆਇਆ ।
੭ ਜਿਸ ਵੇਲੇ ਮੇਰਾ ਮਨ ਮੇਰੇ ਵਿੱਚ ਡੁੱਬ ਗਿਆ,
ਤਦ ਮੈਂ ਯਹੋਵਾਹ ਨੂੰ ਯਾਦ ਕੀਤਾ,
ਅਤੇ ਮੇਰੀ ਪ੍ਰਾਰਥਨਾ ਤੇਰੇ ਕੋਲ ਤੇਰੇ ਪਵਿੱਤਰ ਮੰਦਰ ਵਿੱਚ ਪਹੁੰਚ ਗਈ ।
੮ ਜਿਹੜੇ ਵਿਅਰਥ ਵਸਤੂਆਂ ਨੂੰ ਮੰਨਦੇ ਹਨ,
ਉਹ ਪਰਮੇਸ਼ੁਰ ਦੀ ਦਯਾ ਨੂੰ ਛੱਡ ਬੈਠੇ ਹਨ ।
੯ ਪਰ ਮੈਂ ਉੱਚੀ ਆਵਾਜ਼ ਨਾਲ ਧੰਨਵਾਦ ਕਰਦੇ ਹੋਏ ਤੇਰੇ ਅੱਗੇ ਬਲੀ ਚੜ੍ਹਾਵਾਂਗਾ,
ਮੈਂ ਜੋ ਕੁਝ ਸੁੱਖਣਾ ਸੁੱਖੀ ਉਸ ਨੂੰ ਪੂਰੀ ਕਰਾਂਗਾ,
ਬਚਾਉ ਯਹੋਵਾਹ ਵੱਲੋਂ ਹੀ ਹੈ ।"
੧੦ ਤਦ ਯਹੋਵਾਹ ਨੇ ਮੱਛੀ ਨੂੰ ਆਗਿਆ ਦਿੱਤੀ ਅਤੇ ਉਸ ਨੇ ਯੂਨਾਹ ਨੂੰ
ਸਮੁੰਦਰ ਦੇ ਕੰਢੇ ਉੱਤੇ ਉਗਲ ਦਿੱਤਾ ।

## ੩

### ਆਗਿਆ ਮੰਨਣਾ

੧ ਤਦ ਯਹੋਵਾਹ ਦਾ ਬਚਨ ਦੂਸਰੀ ਵਾਰ ਯੂਨਾਹ ਕੋਲ ਆਇਆ, ੨ "ਉੱਠ
! ਉਸ ਵੱਡੇ ਸ਼ਹਿਰ ਨੀਨਵਾਹ ਨੂੰ ਜਾ ਅਤੇ ਉੱਥੇ ਇਸ ਗੱਲ ਦਾ ਪ੍ਰਚਾਰ ਕਰ,
ਜਿਹੜੀ ਮੈਂ ਤੈਨੂੰ ਦੱਸਦਾ ਹਾਂ !" ੩ ਤਦ ਯੂਨਾਹ ਯਹੋਵਾਹ ਦੇ ਬਚਨ ਅਨੁਸਾਰ
ਉੱਠ ਕੇ ਨੀਨਵਾਹ ਨੂੰ ਗਿਆ । ਨੀਨਵਾਹ ਇੱਕ ਬਹੁਤ ਹੀ ਵੱਡਾ ਸ਼ਹਿਰ ਸੀ,
ਜਿਸ ਵਿੱਚ ਘੁੰਮਣ ਲਈ ਤਿੰਨ ਦਿਨਾਂ ਦਾ ਸਫ਼ਰ ਕਰਨਾ ਪੈਂਦਾ ਸੀ । ੪ ਯੂਨਾਹ
ਨੇ ਸ਼ਹਿਰ ਵਿੱਚ ਪ੍ਰਵੇਸ਼ ਕੀਤਾ ਅਤੇ ਇੱਕ ਦਿਨ ਦਾ ਸਫ਼ਰ ਪੂਰਾ ਕੀਤਾ, ਤਦ ਉਸ
ਨੇ ਪੁਕਾਰ ਕੇ ਕਿਹਾ, "ਹੁਣ ਤੋਂ ਚਾਲ੍ਹੀ ਦਿਨ ਹੋਰ ਅਤੇ ਫੇਰ ਨੀਨਵਾਹ ਢਾਹਿਆ
ਜਾਵੇਗਾ !" ੫ ਤਦ ਨੀਨਵਾਹ ਦੇ ਲੋਕਾਂ ਨੇ ਪਰਮੇਸ਼ੁਰ ਦੇ ਬਚਨ ਉੱਤੇ ਵਿਸ਼ਵਾਸ
ਕੀਤਾ ਅਤੇ ਵਰਤ ਰੱਖਣ ਦੀ ਮੁਨਾਦੀ ਕੀਤੀ ਅਤੇ ਵੱਡਿਆਂ ਤੋਂ ਲੈ ਕੇ ਛੋਟਿਆਂ
ਤੱਕ ਸਭ ਨੇ ਤੱਪੜ ਪਾ ਲਏ ।
੬ ਜਦ ਇਹ ਖ਼ਬਰ ਨੀਨਵਾਹ ਦੇ ਰਾਜੇ ਕੋਲ ਪਹੁੰਚੀ ਤਾਂ ਉਹ ਆਪਣੀ ਰਾਜ
ਗੱਦੀ ਤੋਂ ਉੱਠਿਆ, ਆਪਣਾ ਸ਼ਾਹੀ ਬਸਤਰ ਲਾਹ ਸੁੱਟਿਆ ਅਤੇ ਤੱਪੜ ਪਾ ਕੇ
ਰਾਖ਼ ਵਿੱਚ ਬੈਠ ਗਿਆ । ੭ ਤਦ ਉਸ ਨੇ ਇਹ ਮੁਨਾਦੀ ਕਰਵਾਈ ਅਤੇ ਨੀਨਵਾਹ
ਵਿੱਚ ਇਹ ਪ੍ਰਚਾਰ ਕੀਤਾ, ਰਾਜਾ ਅਤੇ ਉਸ ਦੇ ਸਰਦਾਰਾਂ ਦਾ ਫ਼ਰਮਾਨ - "ਨਾ
ਆਦਮੀ, ਨਾ ਪਸ਼ੂ, ਨਾ ਵੱਗ, ਨਾ ਇੱਜੜ ਕੁਝ ਚੱਖਣ, ਉਹ ਨਾ ਤਾਂ ਕੁਝ ਖਾਣ
ਅਤੇ ਨਾ ਹੀ ਪਾਣੀ ਪੀਣ, ੮ ਪਰ ਹਰੇਕ ਮਨੁੱਖ ਅਤੇ ਪਸ਼ੂ ਤੱਪੜ ਨਾਲ ਆਪਣੇ

ਆਾਥ ਨੂੰ ਢੱਰਣ ਅਤੇ ਥਰਮੇਮੁਰ ਦੇ ਅੱਗੇ ਜ਼ੋਰ ਲਾ ਰੇ ਤਰਲੇ ਰਰਨ ! ਹਰੇਰ ਆਾਥੋ
ਆਾਥਣੇ ਭੈੜੇ ਰਾਹ ਤੋਂ ਫਿਰੇ ਅਤੇ ਉਮ ਜ਼ੁਲਭ ਤੋਂ ਜੋ ਉਹ ਰਰ ਰਹੇ ਹਨ, ਮੂੰਹ ਮੋੜੇ
! ੯ ਹੋ ਮਰਦਾ ਹੈ ਰਿ ਥਰਮੇਮੁਰ ਦਯਾ ਰਰੇ ਅਤੇ ਫੇਰ ਵਿਚਾਰ ਰਰੇ ਅਤੇ ਉਮ ਦਾ
ਭੜਰਿਆ ਹੋਇਆ ਰ੍ਰੋਯ ਮ਼ਾਂਤ ਹੋ ਜਾਵੇ ਅਤੇ ਅਮੀਂ ਨਾਮ਼ ਨਾ ਹੋਈਏ ?
੧੦ ਜਦ ਥਰਮੇਮੁਰ ਨੇ ਉਹਨਾਂ ਦੇ ਰੰਮਾਂ ਨੂੰ ਵੇਖਿਆ ਰਿ ਉਹ ਆਾਥਣੇ ਭੈੜੇ ਰਾਹ
ਤੋਂ ਮੁੜ ਗਏ ਹਨ, ਤਦ ਥਰਮੇਮੁਰ ਉਮ ਘੁਰਿਆਈ ਤੋਂ ਥਛਤਾਇਆ; ਜੋ ਉਮ ਨੇ
ਰਿਹਾ ਮੀ ਰਿ ਉਹ ਉਹਨਾਂ ਨਾਲ ਰਰੇਗਾ, ਅਤੇ ਉਮ ਨੇ ਉਹ ਨਹੀਂ ਰੀਤੀ ।

## ੪

### ਯੂਨਾਹ ਦਾ ਰ੍ਰੋਯ ਅਤੇ ਥਰਮੇਮੁਰ ਦੀ ਦਯਾ

੧ ਇਹ ਗੱਲ ਯੂਨਾਹ ਨੂੰ ਘਹੁਤ ਹੀ ਘੁਰੀ ਲੱਗੀ ਅਤੇ ਉਹ ਘਹੁਤ ਹੀ ਗੁੱਮੇ ਹੋ
ਗਿਆ । ੨ ਉਮ ਨੇ ਯਹੋਵਾਹ ਦੇ ਅੱਗੇ ਇਹ ਰਹਿ ਰੇ ਥ੍ਰਾਰਥਨਾ ਰੀਤੀ, “ਹੇ
ਯਹੋਵਾਹ ! ਜਦ ਮੈਂ ਆਾਥਣੇ ਦੇਮ਼ ਵਿੱਚ ਹੀ ਮੀ, ਤਾਂ ਰੀ ਮੈਂ ਇਹੋ ਗੱਲ ਨਹੀਂ ਮੀ
ਰਹਿੰਦਾ ? ਇਮੇ ਰਾਰਨ ਹੀ ਮੈਂ ਤੇਰੀ ਆਗਿਆ ਮੁਣਦੇ ਮਾਰ ਹੀ ਛੇਤੀ ਨਾਲ
ਤਰਮ਼ੀਮ਼ ਨੂੰ ਭੱਜਿਆ ਰਿਉਂ ਜੋ ਮੈਂ ਜਾਣਦਾ ਮੀ ਰਿ ਤੂੰ ਰਿਰਥਾਲੂ ਅਤੇ ਦਯਾਲੂ
ਥਰਮੇਮੁਰ ਹੈ, ਜੋ ਰ੍ਰੋਯ ਵਿੱਚ ਯੀਰਜ ਰਰਨ ਵਾਲਾ ਅਤੇ ਰਿਰਥਾਵਾਨ ਹੈਂ ਅਤੇ
ਦੁੱਖ ਦੇਣ ਨਾਲ ਥ੍ਰਮੰਨ ਨਹੀਂ ਹੁੰਦਾ । ੩ ਇਮ ਲਈ ਹੁਣ ਹੇ ਯਹੋਵਾਹ, ਮੇਰੀ ਜਾਨ
ਮੇਰੇ ਵਿੱਚੋਂ ਲੈ ਲੈ, ਰਿਉਂਰਿ ਮੇਰੇ ਲਈ ਮਰਨਾ ਜੀਉਣ ਨਾਲੋਂ ਚੰਗਾ ਹੈ ।” ੪ ਤਦ
ਯਹੋਵਾਹ ਨੇ ਰਿਹਾ, “ਰੀ ਤੇਰਾ ਰ੍ਰੋਯ ਰਰਨਾ ਚੰਗਾ ਹੈ ? “ ੫ ਤਦ ਯੂਨਾਹ ਘਾਹਰ
ਨਿੱਰਲ ਰੇ ਮ਼ਹਿਰ ਦੇ ਥੂਰਘ ਵੱਲ ਜਾ ਰੇ ਘੈਠ ਗਿਆ, ਅਤੇ ਉੱਥੇ ਆਾਥਣੇ ਲਈ
ਇੱਰ ਛੱਥਰ ਥਾ ਲਿਆ ਅਤੇ ਉਮ ਦੇ ਹੇਠ ਛਾਂ ਵਿੱਚ ਘੈਠ ਗਿਆ ਤਾਂ ਜੋ ਵੇਖੇ ਰਿ
ਮ਼ਹਿਰ ਦਾ ਰੀ ਹਾਲ ਹੋਵੇਗਾ ?
੬ ਯਹੋਵਾਹ ਥਰਮੇਮੁਰ ਨੇ ਇੱਰ ਘੂਟਾ ਉਗਾ ਰੇ ਵਯਾਇਆ ਅਤੇ ਉਮ ਨੂੰ
ਯੂਨਾਹ ਦੇ ਉੱਤੇ ਰੀਤਾ, ਤਾਂ ਜੋ ਉਮ ਦੇ ਮਿਰ ਉੱਤੇ ਛਾਂ ਰਰੇ ਅਤੇ ਉਮ ਨੂੰ ਥਰੇਮ਼ਾਨੀ
ਨਾ ਹੋਵੇ, ਅਤੇ ਯੂਨਾਹ ਉਮ ਘੂਟੇ ਦੇ ਰਾਰਨ ਘਹੁਤ ਅਨੰਦ ਹੋਇਆ । ੭ ਥਰ ਦੂਜੇ
ਦਿਨ ਮਵੇਰੇ ਹੀ ਥਰਮੇਮ਼ਰ ਨੇ ਇੱਰ ਰੀੜੇ ਨੂੰ ਠਹਿਰਾਇਆ ਜਿਮ ਨੇ ਉਮ ਘੂਟੇ ਨੂੰ
ਅਜਿਹਾ ਡੰਗਿਆ ਰਿ ਉਹ ਮੁੱਰ ਗਿਆ । ੮ ਜਦ ਮੂਰਜ ਚੜ੍ਹਿਆ ਤਾਂ ਅਜਿਹਾ
ਹੋਇਆ ਰਿ ਥਰਮੇਮੁਰ ਨੇ ਥੂਰਘੀ ਲੂ ਵਗਾਈ ਅਤੇ ਜਦ ਮੂਰਜ ਦੀ ਯੁੱਥ ਯੂਨਾਹ
ਦੇ ਮਿਰ ਉੱਤੇ ਲੱਗੀ ਤਾਂ ਉਹ ਘੇਹੋਮ਼ ਹੋਣ ਲੱਗਾ ਅਤੇ ਇਹ ਰਹਿ ਰੇ ਆਾਥਣੇ ਲਈ
ਮੌਤ ਮੰਗਣ ਲੱਗਾ ਰਿ “ਮੇਰੇ ਲਈ ਮਰਨਾ, ਮੇਰੇ ਜੀਉਣ ਨਾਲੋਂ ਚੰਗਾ ਹੈ !” ੯ ਤਦ
ਥਰਮੇਮੁਰ ਨੇ ਯੂਨਾਹ ਨੂੰ ਰਿਹਾ, “ਤੇਰਾ ਰ੍ਰੋਯ ਜੋ ਉਮ ਘੂਟੇ ਦੇ ਰਾਰਨ ਹੈ, ਰੀ ਉਹ

ਚੰਗਾ ਹੈ ? " ਅੱਗੋਂ ਯੂਨਾਹ ਨੇ ਕਿਹਾ, "ਹਾਂ, ਸਗੋਂ ਕ੍ਰੋਧ ਦੇ ਕਾਰਨ ਮਰਨ ਤੱਕ ਚੰਗਾ
ਹੈ !" ੧੦ ਫੇਰ ਯਹੋਵਾਹ ਨੇ ਕਿਹਾ, "ਤੈਨੂੰ ਉਸ ਬੂਟੇ ਉੱਤੇ ਤਰਸ ਆਇਆ, ਜਿਸ ਦੇ
ਲਈ ਤੂੰ ਨਾ ਤਾਂ ਕੁਝ ਮਿਹਨਤ ਕੀਤੀ ਅਤੇ ਨਾ ਹੀ ਉਸ ਨੂੰ ਉਗਾਇਆ, ਜਿਹੜਾ
ਇੱਕ ਹੀ ਰਾਤ ਵਿੱਚ ਉੱਗਿਆ ਅਤੇ ਇੱਕ ਹੀ ਰਾਤ ਵਿੱਚ ਸੁੱਕ ਗਿਆ । ੧੧ ਤਦ
ਕੀ ਇਸ ਵੱਡੇ ਸ਼ਹਿਰ ਨੀਨਵਾਹ ਉੱਤੇ ਜਿਸ ਦੇ ਵਿੱਚ ਇੱਕ ਲੱਖ ਵੀਹ ਹਜ਼ਾਰ ਤੋਂ
ਵੱਧ ਲੋਕ ਹਨ, ਜਿਹੜੇ ਆਪਣੇ ਸੱਜੇ ਖੱਬੇ ਹੱਥ ਦਾ ਭੇਤ ਵੀ ਨਹੀਂ ਪਛਾਣ ਸਕਦੇ
ਅਤੇ ਬਹੁਤ ਸਾਰੇ ਪਸ਼ੂ ਵੀ ਹਨ, ਮੈਨੂੰ ਤਰਸ ਨਹੀਂ ਆਉਣਾ ਚਾਹੀਦਾ ? "

# ਪੰਜਾਬੀ ਬਾਈਬਲ

## The Indian Revised Version Holy Bible in the Eastern Punjabi language of India (BCS 2017)

copyright © 2017 Bridge Connectivity Solutions

Language: ਪੰਜਾਬੀ (Panjabi, Eastern)

Status of the project:

- Stage 1 - Initial Drafting by Mother Tongue Translators -- Completed
- Stage 2 - Community Checking by Church -- Completed
- Stage 3 - Local Consultant (Theologian/Linguist) Checking -- Completed
- Stage 4 - Church Network Leaders Checking -- Completed
- Stage 5 - Further Quality Checking -- In Progress

This translation is made available to you under the terms of the Creative Commons Attribution Share-Alike license 4.0.

You have permission to share and redistribute this Bible translation in any format and to make reasonable revisions and adaptations of this translation, provided that:

- You include the above copyright and source information.
- If you make any changes to the text, you must indicate that you did so in a way that makes it clear that the original licensor is not necessarily endorsing your changes.
- If you redistribute this text, you must distribute your contributions under the same license as the original.

Pictures included with Scriptures and other documents on this site are licensed just for use with those Scriptures and documents. For other uses, please contact the respective copyright owners.

Note that in addition to the rules above, revising and adapting God's Word involves a great responsibility to be true to God's Word. See Revelation 22:18-19.

2018-11-30

---

PDF generated using Haiola and XeLaTeX on 13 Mar 2019 from source files dated 13 Mar 2019

cd7c015e-4054-5fc3-99ad-dacf629d4ee1